# ਕੀ ਕੈਲੀਫੋਰਨੀਆ ਸਿਟਰਸ (California citrus) ਹੁਣ ਹੋਰ ਨਹੀਂ ਮਿਲਣਗੇ?

ਜੇ ਏਸ਼ੀਅਨ ਸਿਟਰਸ ਸਾਈਲਿਡ (Asian citrus psyllid) ਅਤੇ ਜੋ ਬਿਮਾਰੀ ਇਸ ਨਾਲ ਹੁੰਦੀ ਹੈ, ਇਥੇ ਆਪਣੇ ਆਪ ਨੂੰ ਪੱਕੀ ਤਰ੍ਹਾਂ ਸਥਾਪਿਤ ਕਰ ਲੈਂਦੀ ਹੈ, ਤਾਂ ਇਹੀ ਹੋਣ ਦਾ ਖ਼ਤਰਾ ਹੈ!

**ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਏ – ਤੁਹਾਡੀ ਸਹਾਇਤਾ ਨਾਲ ਇਸਨੂੰ ਰੋਕਿਆ ਜਾ ਸਕਦਾ ਹੈ।**




### ਖ਼ਤਰਨਾਕ ਕੀੜਾ: ਏਸ਼ੀਅਨ ਸਿਟਰਸ ਸਾਈਲਿਡ (Asian citrus psyllid) (ACP)

- ਇਕ ਮਾਂਹੋ (ਪੌਦੇ ਦੀ ਜੂੰ) (aphid) ਦੇ ਆਕਾਰ ਦਾ ਛੋਟਾ ਜਿਹਾ ਕੀੜਾ।
- ਸੰਤਰੀਆਂ ਅਤੇ ਇਸਦੇ ਨਾਲ ਦੇ ਹੋਰ ਫਲਾਂ ਦੇ ਪੌਦਿਆਂ ਦੇ ਪੱਤਿਆਂ ਅਤੇ ਉਨ੍ਹਾਂ ਦੀਆਂ ਡੰਡੀਆਂ ਤੇ ਪਲਦਾ ਹੈ।
- ਅੰਡੇ, ਸਿਟਰਸ ਦੇ ਬੂਟਿਆਂ ਦੇ "ਪੁੰਗਰਦੇ ਪੱਤਿਆਂ" ("flush growth") 'ਤੇ ਦਿੱਤੇ ਜਾਂਦੇ ਹਨ, ਜਿੱਥੇ ਬਸੰਤੀ ਜਿਹੇ ਸੰਤਰੀ ਰੰਗ ਦੇ ਛੋਟੇ ਲਾਰਵੇ (ਅਵਿਕਸਤ ਕੀੜੇ) ਪਲਦੇ ਅਤੇ ਵੱਡੇ ਹੁੰਦੇ ਹਨ।
- ਇਹ ਸਾਈਲਿਡ ਪੌਦਿਆਂ ਦੀ ਇਕ ਜਾਨ-ਲੇਵਾ ਬਿਮਾਰੀ ਹੁੰਆਂਗਲੋਂਗਬਿੰਗ (Huanglongbing) ਦਾ ਰੋਗਾਣੂਵਾਹਕ ਜੀਵ ਹੈ।
- ਇਹ ਕੀੜਾ ਮੈਕਸੀਕੋ ਤੋਂ ਦੱਖਣੀ ਕੈਲੀਫੋਰਨੀਆ ਦੇ ਅੰਦਰ ਤਕ ਫੈਲ ਗਿਆ ਹੈ।
- ਸਾਈਲਿਡ ਨੂੰ ਫੈਲਣ ਤੋਂ ਰੋਕਣ ਨਾਲ ਬਿਮਾਰੀ ਦੇ ਫੈਲਣ ਤੇ ਵੀ ਰੋਕ ਲਗ ਜਾਏਗੀ।



### ਬਿਮਾਰੀ: ਹੁੰਆਂਗਲੋਂਗਬਿੰਗ (Huanglongbing) (HLB)

- ਇਸਨੂੰ "ਗਰੀਨੀਂਗ ਡਿਜ਼ੀਜ਼" ਵੀ ਕਹਿੰਦੇ ਹਨ (ਪੌਦਾ ਅਤੇ ਇਸਦੇ ਫਲ ਨੂੰ ਖ਼ਤਮ ਕਰਨ ਵਾਲੀ) ਅਤੇ ਸ਼ਾਖਾਵਾਂ ਨੂੰ ਪੀਲਿਆਂ ਕਰਨ ਵਾਲੀ ਬਿਮਾਰੀ ਵੀ ਕਿਹਾ ਜਾਂਦਾ ਹੈ।
- ਪੱਤਿਆਂ ਨੂੰ ਬੇਤਰਤੀਬੇ ਢੰਗ ਨਾਲ ਪੀਲਾ ਕਰ ਦੇਂਦੀ ਹੈ।
- ਇਸ ਨਾਲ ਪੈਦਾ ਹੋਇਆ ਫਲ ਬਹੁਤ ਕੌੜਾ, ਕਰੂਪ ਅਤੇ ਖਾਣ ਦੇ ਯੋਗ ਨਹੀਂ ਹੁੰਦਾ।
- ਇਹ ਸਿਟਰਸ ਫਲਾਂ ਦੇ ਦਰਖ਼ਤਾਂ ਨੂੰ ਖ਼ਤਮ ਕਰ ਦੇਂਦੀ ਹੈ।
- ਇਸ ਬਿਮਾਰੀ ਦੇ ਅਜੇ ਕੈਲੀਫੋਰਨੀਆ ਵਿੱਚ ਹੋਣ ਦੀ ਜਾਣਕਾਰੀ ਨਹੀਂ, ਪਰ ਇਹ ਨੇੜੇ ਦੇ ਰਾਜਾਂ ਅਤੇ ਮੈਕਸੀਕੋ ਵਿੱਚ ਸਿਟਰਸ ਵਿੱਚ ਲਾਗ ਪੈਦਾ ਕਰ ਰਹੀ ਹੈ।



### ਹੱਲ: ਅਸੀਂ ਸਾਰੇ ਅਹਿਮ ਭੂਮਿਕਾ ਨਿਭਾਉਂਦੇ ਹਾਂ

- ਤਿਆਰ ਰਹੋ – ਇਸ ਹਾਨੀਕਾਰਕ ਕੀੜੇ ਅਤੇ ਬਿਮਾਰੀ ਦੀ ਪਛਾਣ ਕਰਨਾ ਸਿਖੋ ਅਤੇ ਜੋ ਤੁਸੀਂ ਜਾਣਦੇ ਹੋ, ਹੋਰਨਾ ਨੂੰ ਸਿਖਾਓ।
- ਹਰ ਮਹੀਨੇ ਆਪਣੇ ਸਿਟਰਸ ਦਰਖ਼ਤਾਂ ਦਾ ਮੁਆਇਨਾ ਕਰੋ।
- ਯਕੀਨੀ ਬਣਾਉ ਕਿ ਤੁਸੀਂ ਸਿਰਫ ਕੈਲੀਫੋਰਨੀਆ ਵਿੱਚ ਉਗਾਏ ਹੋਏ ਪ੍ਰਮਾਣਿਤ ਦਰਖ਼ਤ ਹੀ ਲਗਾਉ, ਜੋ ਬਿਮਾਰੀ ਤੋਂ ਮੁਕਤ ਹੋਣ ਵਜੋਂ ਜਾਣੇ ਜਾਂਦੇ ਹਨ।
- ਹਰ ਇਕ ਨੂੰ ਯਾਦ ਕਰਵਾਉ ਕਿ ਕੈਲੀਫੋਰਨੀਆ ਵਿੱਚ ਹੋਰ ਰਾਜਾਂ ਜਾਂ ਦੇਸ਼ਾਂ ਤੋਂ ਸਿਟਰਸ ਦਰਖ਼ਤਾਂ ਜਾਂ ਉਨ੍ਹਾਂ ਦੀਆਂ ਕਲਮਾਂ ਨੂੰ ਲਿਆਉਣਾ ਗੈਰ-ਕਾਨੂੰਨੀ ਹੈ, ਕਿਉਂਕਿ ਉਨ੍ਹਾਂ ਨਾਲ ਬਿਮਾਰੀ ਦਾ ਕੀੜਾ ਆ ਸਕਦਾ ਹੈ ਜਾਂ ਉਨ੍ਹਾਂ ਵਿੱਚ HLB ਦੀ ਲਾਗ ਹੋ ਸਕਦੀ ਹੈ।
- ਜੇ ਤੁਸੀਂ ਅਲੱਗ-ਥਲੱਗ (ਕੁਆਰੰਟਾਇੰਡ) ਕੀਤੇ ਇਲਾਕੇ ਵਿੱਚ ਰਹਿੰਦੇ ਹੋ, ਤਾਂ ਸਾਈਲਿਡਸ ਨੂੰ ਹੋਰ ਇਲਾਕਿਆਂ ਵਿੱਚ ਫੈਲਣ ਤੋਂ ਰੋਕਣ ਵਿੱਚ ਸਹਾਇਤਾ ਕਰੋ:
  - ਉਨ੍ਹਾਂ ਪੌਦਿਆਂ ਨੂੰ ਅਲੱਗ-ਥਲੱਗ ਕੀਤੇ ਇਲਾਕੇ ਤੋਂ ਬਾਹਰ ਨਾ ਲੈ ਕੇ ਜਾਓ, ਜਿਨ੍ਹਾਂ ਵਿੱਚ ਸਾਈਲਿਡ ਹੋ ਸਕਦਾ ਹੈ।
  - ਪੌਦਿਆਂ ਦੀ ਛੰਟਾਈ ਨੂੰ, ਕੂੜੇ ਨੂੰ ਮੁੜ ਵਰਤੋਂ ਯੋਗ ਬਣਾਉਣ ਵਾਲੇ ਹਰੇ ਕੂੜੇਦਾਨ ਜਾਂ ਛੰਟਾਈ ਵਾਲੇ ਦੁਹਰੇ ਬੈਗ ਵਿੱਚ ਪਾਣ ਤੋਂ ਪਹਿਲਾਂ, ਦੋ ਹਫ਼ਤਿਆਂ ਲਈ ਸੁਕਾ ਲਉ।
- ਜੇ ਤੁਹਾਨੂੰ ਸ਼ੱਕ ਹੈ ਕਿ ਤੁਹਾਡੇ ਦਰਖ਼ਤ ਵਿੱਚ ਸਾਈਲਿਡ ਜਾਂ ਬਿਮਾਰੀ ਹੈ ਤਾਂ ਛੇਤੀ ਕਾਰਵਾਈ ਕਰੋ! **ਆਪਣੀ ਕਾਉਂਟੀ ਦੇ ਐਗਰੀਕਲਚਰਲ ਕਮਿਸ਼ਨਰ (Agricultural Commissioner) ਜਾਂ 800-491-1899 'ਤੇ CDFA ਹਾੱਟਲਾਈਨ ਨੂੰ ਕਾੱਲ ਕਰੋ।**

CITRUS RESEARCH BOARD

To learn about the Asian citrus psyllid and HLB disease, visit

**CaliforniaCitrusThreat.org**

*Printed materials in English, Spanish, Hmong, Chinese (Simplified and Traditional), Punjabi, Vietnamese, Khmer and Lao are downloadable from this Web site.*